ISSN 2278-8808 IMPACT FACTOR: 1.38
An International Peer Reviewed
SCHOLARLY RESEARCH JOURNAL
FOR INTERDISCIPLINARY STUDIES

# ਪੰਜਾਬ ਦੇ ਲੋਕਧਾਰਾਈ ਲੋਕ ਕਾਵਿ-ਰੂਪਾਂ ਵਿਚ ਕਿਸਾਨੀ ਸੰਕਟ

**ਡਾ. ਹਰਿੰਦਰਜੀਤ ਸਿੰਘ ਕਲੇਰ**
ਅਸਿਸਟੈਂਟ ਪ੍ਰੋਫੈਸਰ, ਮਾਲਵਾ ਕਾਲਜ, ਬੌਂਦਲੀ ਸਮਰਾਲਾ।

ਪੰਜਾਬੀ ਸਮਾਜ ਵਿਚ ਲੋਕਧਾਰਾਈ ਸਮੱਗਰੀ ਦੀ ਅਥਾਹ ਭਰਮਾਰ ਹੈ। ਜਿਨ੍ਹਾਂ ਵਿਚੋਂ ਪੰਜਾਬੀ ਦੇ ਲੋਕਧਾਰਾਈ ਕਾਵਿ ਰੂਪਾਂ ਵਿਨਸਦੇ ਅਤੇ ਵਿਗਸਦੇ ਹਨ। ਲੋਕਧਾਰਾਈ ਕਾਵਿ ਰੂਪਾਂ ਦੇ ਬਿਰਤਾਂਤਕ ਵੇਰਵੇ ਤੁਲਨਾਤਮਕ ਪਰਿਪੇਖ ਵਿਚ ਪਰੰਪਰਕ ਪੰਜਾਬ ਅਤੇ ਅਜੋਕੇ ਪੰਜਾਬ ਦੇ ਸਮਾਜ ਸਭਿਆਚਾਰਕ ਸਰੋਕਾਰਾਂ ਨਾਲ ਜੁੜੇ ਹੋਏ ਹਨ। ਇਉਂ ਇਹ ਲੋਕਧਾਰਾਈ ਕਾਵਿ ਰੂਪ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਮੁੱਲਵਾਨ ਪਛਾਣ ਚਿੰਨ੍ਹਾਂ ਬਹੁ-ਅਰਥਾਂ ਵਿਚ ਰੂਪਮਾਨ ਹੋਣ ਦੇ ਨਾਲ-ਨਾਲ ਉਨ੍ਹਾਂ ਨੂੰ ਦਰਪੇਸ਼ ਸਮੱਸਿਆਵਾਂ ਨੂੰ ਪ੍ਰਸਤੁਤ ਕਰਦੇ ਹਨ। ਮਨੁੱਖ ਸਮਾਜ ਦਾ ਇਕ ਮੈਂਬਰ ਹੋਣ ਦੇ ਨਾਤੇ ਜਦੋਂ ਸਮਾਜ ਵਿਚ ਰਹਿੰਦਾ ਹੈ ਤਾਂ ਉਸ ਨੂੰ ਸਮਾਜਕ ਕਦਰਾਂ-ਕੀਮਤਾਂ ਦੇ ਅੰਤਰਗਤ ਹੀ ਆਪਣਾ ਜੀਵਨ ਗੁਜਾਰਨਾ ਪੈਂਦਾ ਹੈ। ਇਹ ਕਦਰਾਂ-ਕੀਮਤਾਂ ਸਮੇਂ-ਸਮੇਂ ਉਸ ਦੇ ਚਰਿੱਤਰ ਨੂੰ ਪ੍ਰਭਾਵਿਤ ਕਰਦੀਆਂ ਰਹਿੰਦੀਆਂ ਹਨ। ਇਨ੍ਹਾਂ ਕਦਰਾਂ-ਕੀਮਤਾਂ ਤੋਂ ਪ੍ਰਭਾਵਿਤ ਹੋਇਆ ਸੰਵੇਦਨਸ਼ੀਲ ਨਾਰੀ ਹਿਰਦਾ ਵਿਭਿੰਨ ਪੱਧਰਾਂ 'ਤੇ ਲੋਕਧਾਰਾਈ ਲੋਕ-ਕਾਵਿ ਰੂਪਾਂ ਦੀ ਸਿਰਜਣਾ ਕਰਦਾ ਹੈ। ਬਲਵੀਰ ਸਿੰਘ ਪੂਨੀ ਅਨੁਸਾਰ, "ਪੰਜਾਬ ਦੇ ਲੋਕ-ਸਾਹਿਤ ਦਾ ਇਕ ਅਮੀਰ ਵਿਰਸਾ ਲੋਕ ਕਾਵਿ ਹੈ। ਇਸ ਵਿਚ ਪੰਜਾਬੀਆਂ ਦੇ ਮਨੋਭਾਵ ਬਿਨਾਂ ਕਿਸੇ ਬਨਾਵਟ ਦੇ ਮਿਲਦੇ ਹਨ।"[1] ਇਸ ਪ੍ਰਸੰਗ ਵਿਚ ਪੰਜਾਬ ਦੇ ਲੋਕਧਾਰਾਈ ਕਾਵਿ ਰੂਪਾਂ ਦੇ ਬਿਰਤਾਂਤਕ ਘੇਰੇ ਵਿਚ ਪੰਜਾਬੀ ਲੋਕਾਂ ਦੀ ਸਮਾਜਿਕਤਾ, ਸਭਿਆਚਾਰਕਤਾ ਅਤੇ ਆਰਥਿਕਤਾ ਵਿਭਿੰਨ ਪੱਧਰਾਂ 'ਤੇ ਪ੍ਰਸਤੁਤ ਹੋਈ ਹੈ। ਇਨ੍ਹਾਂ ਕਾਵਿ ਰੂਪਾਂ ਦੇ ਵਸਤੂਗਤ ਪਾਸਾਰਾਂ ਵਿਚ ਪੰਜਾਬੀ ਗ੍ਰਾਮੀਣ ਸਮਾਜ ਦੀ ਆਰਥਿਕ, ਉਤਪਾਦਨ ਦੇ ਵਸੀਲੇ, ਮਹਾਜਨੀ ਸਭਿਆਚਾਰ ਦੀ ਲੁੱਟ, ਤਾਕਤਵਰ ਧਿਰ ਵੱਲੋਂ ਸ਼ੋਸ਼ਣ ਅਤੇ ਕੁਦਰਤ ਦੀ ਕਰੋਪੀ ਆਦਿ ਵਿਸ਼ੇਸ਼ ਤੌਰ 'ਤੇ ਮਹੱਤਵ ਰੱਖਦੇ ਹਨ। ਪੰਜਾਬੀ ਸਮਾਜ ਵਿਚ ਨਾਰੀ ਆਰਥਿਕ, ਸਮਾਜਿਕ ਅਤੇ ਸਭਿਆਚਾਰਕ ਪੱਖ ਤੋਂ ਮਰਦ ਉੱਤੇ ਨਿਰਭਰ ਕਰਦੀ ਹੈ। ਇਸ ਲਈ ਉਸ ਨੂੰ ਆਪਣੀਆਂ ਆਰਥਿਕ ਖ਼ਾਹਿਸ਼ਾਂ ਦੀ ਪ੍ਰਾਪਤੀ ਨੂੰ ਫ਼ਸਲ ਦੀ ਆਮਦ ਨਾਲ ਜੋੜਦੀ ਹੈ ਪਰ ਮਰਦ ਵੱਲੋਂ ਫ਼ਸਲ ਦੀ ਸਾਂਭ-ਸੰਭਾਲ ਅਤੇ ਬੀਜ਼-ਬਿਜਾਈ ਲਈ ਲਏ ਕਰਜੇ ਉਸਦੀ ਆਰਥਿਕਤਾ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦੇ ਹਨ। ਜਿਸ ਸਕਦਾ ਨਾਰੀ ਦੀਆਂ ਇੱਛਾਵਾਂ ਕਰਜੇ ਦੀ ਮਾਰ ਹੇਠ ਆ ਜਾਣ ਕਰਕੇ ਪੂਰੀਆਂ ਨਹੀਂ ਹੁੰਦੀਆਂ। ਕਿਉਂਕਿ ਪੰਜਾਬ ਦੇ ਕਿਸਾਨਾਂ ਦੀ ਲਹੂ ਪਸੀਨੇ ਦੀ ਕਮਾਈ ਨੂੰ ਸਾਹੂਕਾਰ ਤਬਕਾ ਚਲਾਕੀ, ਹੁਸ਼ਿਆਰੀ ਤੇ

ਮੱਕਾਰੀ ਨਾਲ ਆਪਣੇ ਅਧੀਨ ਕਰ ਲੈਂਦਾ ਹੈ। ਜਿਸ ਸਕਦਾ ਪੂਰੀ ਦੁਨੀਆਂ ਦਾ ਢਿੱਡ ਭਰਨ ਵਾਲਾ ਕਿਸਾਨ ਦੋ ਵਰਤ ਦੀ ਰੋਟੀ ਖਾਣ ਤੋਂ ਵੀ ਆਵਾਜਾਰ ਹੋ ਜਾਂਦਾ ਹੈ। ਇਸ ਆਰਥਿਕ ਮੰਦਹਾਲੀ ਦਾ ਸ਼ਿਕਾਰ ਜਿੱਥੇ ਮਰਦ ਕਿਸਾਨ ਹੁੰਦਾ ਹੈ, ਉੱਥੇ ਇਸ ਕਰਜੇ ਦੀ ਮਾਰ ਦਾ ਔਰਤ ਵੀ ਵਿਭਿੰਨ ਪੱਧਰਾਂ ਤੇ ਸੰਕਟ ਹੰਢਾਉਂਦੀ ਹੈ। ਇਸ ਤਰ੍ਹਾਂ ਤੁਲਨਾਤਮਕ ਪਰਿਪੇਖ ਵਿਚ ਨਾਰੀ ਮਨ ਕਿਸਾਨ ਅਤੇ ਕਿਸਾਨਣ ਦੀ ਆਰਥਿਕ ਦਸ਼ਾ ਤੇ ਦਿਸ਼ਾਂ ਦੀ ਯਥਾਰਥ ਝਾਕੀ ਨੂੰ ਲੋਕ-ਕਾਵਿ ਰਾਹੀਂ ਪ੍ਰਸਤੁਤ ਕਰਦਾ ਹੈ :

ਜੱਟ ਜੱਟੀ ਨੂੰ ਲੈਣ ਨਾ ਜਾਵੇ
ਡਰਦਾ ਕਬੀਲਦਾਰੀਓਂ।

ਇਸ ਲੋਕ-ਬਲੀ ਦੇ ਭਾਵ ਪ੍ਰਸੰਗਾਂ ਵਿਚ ਪੰਜਾਬ ਦੇ ਕਿਸਾਨ ਦੀ ਮਜਬੂਰੀ ਨੂੰ ਆਰਥਿਕ ਦਸ਼ਾ ਨਾਲ ਜੋੜ ਕੇ ਪੇਸ਼ ਕੀਤਾ ਗਿਆ ਹੈ। ਇਸ ਬੋਲੀ ਵਿਚ ਕਿਸਾਨ ਦੀ ਕਮਜ਼ੋਰ ਆਰਥਿਕਤਾ ਉਸਨੂੰ ਆਪਣੀ ਪੇਕੇ ਗਈ ਪਤਨੀ ਨੂੰ ਵਾਪਸ ਲਿਆਉਣ ਤੋਂ ਰੋਕਦੀ ਹੈ। ਕਿਉਂਕਿ ਉਹ ਆਪਣੀ ਪਤਨੀ ਦੀਆਂ ਮੁੱਢਲੀਆਂ ਲੋੜਾਂ ਨੂੰ ਪੂਰਾਂ ਕਰਨ ਤੋਂ ਅਸਮਰਥ ਹੈ। ਪਰ ਪੇਕੀਂ ਬੈਠੀ ਮੁਟਿਆਰ ਸਹੁਰੇ ਘਰ ਆਉਣ ਦੀਆਂ ਵਿਉਂਤਾਂ ਬਣਾਉਂਦੀ ਹੈ। ਇਸ ਤਰ੍ਹਾਂ ਜਦੋਂ ਕਿਸਾਨ ਦੀ ਆਰਥਿਕਤਾ ਵਿਚ ਥੋੜ੍ਹਾਂ ਜਿਹਾ ਸੁਧਾਰ ਆ ਜਾਂਦਾ ਹੈ ਤਾਂ ਉਹ ਬੜੇ ਚਾਵਾਂ ਨਾਲ ਆਪਣੀ ਪਤਨੀ ਨੂੰ ਵਾਪਸ ਲੈਣ ਜਾਂਦਾ ਹੈ ਪਰ 'ਚਾਰ ਦਿਨ ਦੀ ਚਾਂਦਨੀ ਫੇਰ ਹਨ੍ਹੇਰੀ ਰਾਤ' ਦੀ ਲੋਕ-ਉਕਤੀ ਅਨੁਸਾਰ ਉਸਦੀ ਆਰਥਿਕ ਸਥਿਤੀ ਫੇਰ ਉਹੀ ਰੂਪ ਧਾਰ ਕੇ ਉਸਦੇ ਸੁਪਨਿਆਂ ਨੂੰ ਸਾਕਾਰ ਹੀ ਨਹੀਂ ਹੋਣ ਦਿੰਦੀ। ਕਿਸਾਨ ਦੀ ਅਜਿਹੀ ਸਥਿਤੀ ਨੂੰ ਔਰਤਾਂ ਲੋਕਧਾਰਾਈ ਕਾਵਿ ਰੂਪਾਂ ਦੇ ਹਵਾਲੇ ਨਾਲ ਇਸ ਤਰ੍ਹਾਂ ਪ੍ਰਸਤੁਤ ਕਰਦੀਆਂ ਹਨ :

ਸਹੁਰੇ ਮੇਰੇ ਨੇ ਜੁੱਤੀ ਭੇਜੀ,
ਉਹ ਵੀ ਬੜੀ ਤੰਗ।
ਨੀ ਮੈਂ ਕਰਾਂ ਵਡਿਆਈਆਂ,
ਸਹੁਰੇ ਮੇਰੇ ਨੰਗ।

ਇਸ ਤਰ੍ਹਾਂ ਲੋਕ ਕਾਵਿ ਰੂਪਾਂ ਦੇ ਹਵਾਲੇ ਨਾਲ ਨਾਰੀ ਨੂੰ ਆਪਣੇ ਸਹੁਰਿਆਂ ਦੀ ਆਰਥਿਕਤਾ ਬਾਰੇ ਕਨਸੋਅ ਆਪਣੇ ਪੇਕੇ ਘਰ ਵਿਚ ਹੀ ਮਿਲ ਜਾਂਦੀ ਹੈ। ਜਦੋਂ ਉਸਦੇ ਸਹੁਰੇ ਬੁੱਤਾ ਸਾਰਨ ਲਈ ਉਸਨੂੰ ਕੋਈ ਅਜਿਹੀ ਪਹਿਨਣਯੋਗ ਵਸਤੂ ਭੇਜ ਦਿੰਦੇ ਹਨ ਜੋ ਉਸ ਦੇ ਮੇਚ ਦੀ ਨਹੀਂ ਆਉਂਦੀ। ਇਸ ਤਰ੍ਹਾਂ ਕਿਸਾਨ ਦੀ ਕਮਜ਼ੋਰ ਆਰਥਿਕਤਾ ਪੇਕੀਂ ਬੈਠੀ ਔਰਤ ਨੂੰ ਵੀ ਵਿਭਿੰਨ ਪੱਧਰਾਂ ਤੇ ਪੀੜਤ ਕਰਦੀ ਹੈ। ਇਸੇ ਪਰਿਪੇਖ ਵਿਚ ਵਿਆਹ ਵਾਲੇ ਦਿਨ ਕੁੜੀ ਦੀ ਸੱਸ ਵੱਲੋਂ ਮਜ਼ਬੂਰੀਬਸ ਆਪਣੀ ਨੂੰਹ ਨੂੰ ਘੱਟ ਗਹਿਣੇ ਪਾਉਣਾ ਅਤੇ ਉਨ੍ਹਾਂ ਵਿਚੋਂ ਵੀ ਕੁਝ ਗਹਿਣੇ ਵਾਪਸ ਉਤਾਰ ਲੈਣਾ ਆਦਿ ਨਾਲ ਸੰਬੰਧਤ ਵੇਰਵੇ ਕਿਸਾਨ ਦੀ ਕਰਜ਼ੋਰ ਆਰਥਿਕਤਾ ਨੂੰ ਚਿਹਨਤ ਕਰਦੇ ਹਨ।

ਮੈਂ ਡੋਲੀ 'ਚੋ ਕੱਢਿਆ ਹੱਥ ਵੇ,

ਤੇਰੀ ਮਾਂ ਨੇ ਲਾਹ ਲਈ ਨੱਥ ਵੇ,
ਬੇਸ਼ਗਨੀ ਹੋਈ।

ਇਉਂ ਨਵੀਂ ਵਿਆਹੀ ਮੁਟਿਆਰ ਨੂੰ ਆਪਣੇ ਕਿਸਾਨ ਤਬਕੇ ਨਾਲ ਸੰਬੰਧਿਤ ਸਹੁਰਾ ਪਰਿਵਾਰ ਦੀ ਕਮਜ਼ੋਰ ਆਰਥਿਕਤਾ ਦਾ ਇਜ਼ਹਾਰ ਵਿਆਹ ਵਾਲੇ ਦਿਨ ਹੀ ਹੋ ਜਾਂਦਾ ਹੈ। ਇਸ ਪਰਿਪੇਖ ਵਿਚ ਉਸਦੇ ਵਿਆਹੁਤਾ ਜੀਵਨ ਦੇ ਸੁਪਨੇ, ਸੱਧਰਾਂ ਤੇ ਇਛਾਵਾਂ ਢਹਿ ਢੇਰੀ ਹੋ ਕੇ ਉਸਨੂੰ ਮਾਨਸਿਕ ਤੋਰ ਤੇ ਪੀੜਤ ਕਰਦੇ ਹਨ। ਇਸ ਤਰ੍ਹਾਂ ਉਹ ਘਰੇਲੂ ਜ਼ਿੰਮੇਵਾਰੀਆਂ ਨਿਭਾਉਂਦੀ ਆਪਣੇ ਸਹੁਰਾ ਪਰਿਵਾਰ ਦੀ ਕਮਜ਼ੋਰ ਆਰਥਿਕਤਾ ਨੂੰ ਉੱਚਾ ਚੁੱਕਣ ਲਈ ਹੱਡ ਤੋੜਵੀਂ ਮੁਸ਼ੱਕਤ ਕਰਦੀ ਹੈ। ਉਹ ਆਪਣੇ ਕਿਸਾਨ ਪਤੀ ਦੇ ਮੋਢੇ ਨਾਲ ਮੋਢਾ ਜੋੜ ਕੇ ਖੇਤਾਂ-ਖਲਿਆਣਾ ਵਿਚ ਮੇਹਨਤ ਕਰਦੀ ਹੈ। ਇਸ ਪ੍ਰਸੰਗ ਵਿਚ ਉਹ ਆਪਣੀਆਂ ਸੱਧਰਾਂ, ਇਛਾਵਾਂ ਦੀ ਪੂਰਤੀ ਲਈ ਆਉਣ ਵਾਲੀ ਨਵੀਂ ਫ਼ਸਲ ਦੀ ਆਮਦ ਦਾ ਆਸਰਾ ਤੱਕਦੀ ਹੈ। ਇਸ ਲਈ ਉਹ ਲੋਕ ਕਾਵਿ ਰੂਪਾਂ ਨੂੰ ਆਧਾਰ ਬਣਾ ਕੇ ਆਪਣੇ ਕਿਸਾਨ ਪਤੀ ਨੂੰ ਫ਼ਸਲਾਂ ਦੀ ਰਾਖੀ ਕਰਨ ਲਈ ਪ੍ਰੇਰਦੀ ਹੈ :

ਦਾੜ੍ਹੀ ਚਾੜ੍ਹ ਕੇ ਬਹਿ ਗਿਆ ਤਕੀਏ,
ਕਣਕ ਖਾ ਗਿਆ ਝੋਟਾ,
ਜੇ ਮੈਂ ਕਹਿੰਦੀ ਝੋਟਾ ਮੋੜ ਲਿਆ,
ਮੂੰਹ ਕਰ ਲੈਂਦਾ ਮੋਟਾ
ਸਾਰ ਜਨਾਨੀ ਦੀ ਕੀ ਜਾਣੇ,
ਚੁੱਕ ਚੁੱਕ ਆਵੇ ਸੋਟਾ
ਮੇਰੇ ਉਤਲੇ ਦਾ,
ਘਸ ਗਿਆ ਸੁਨਹਿਰੀ ਗੋਟਾ।

ਉਹ ਆਪਣੇ ਉਤਲੇ (ਦੁਪੱਟੇ) ਦੇ 'ਘਸ ਗਏ ਗੋਟੇ' ਰਾਹੀਂ ਆਪਣੀ ਸਥਿਤੀ ਦਾ ਇਜ਼ਹਾਰ ਕਰਦੀ ਹੈ। ਇਸ ਤਰ੍ਹਾਂ ਜਿਵੇਂ-ਜਿਵੇਂ ਕਿਸਾਨ ਦੀ ਪਤਨੀ ਗ੍ਰਹਿਸਥੀ ਦੇ ਖਲਜਗਣ ਵਿਚ ਫਸਦੀ ਜਾਂਦੀ ਹੈ ਉਵੇਂ-ਉਵੇਂ ਉਸ ਨੂੰ ਕਮਜ਼ੋਰ ਆਰਥਿਮਾ ਅੱਗੇ ਆਪਣੇ ਨਿੱਕੇ ਨਿੱਕੇ ਚਾਅ ਵੀ ਕੁਰਬਾਨ ਕਰਨੇ ਪੈਂਦੇ ਹਨ। ਪੰਜਾਬ ਦਾ ਅਰਥਚਾਰਾ ਖੇਤੀ ਅਧਾਰਤ ਅਰਥਚਾਰਾ ਹੈ। ਖੇਤੀ ਕਰਨਾ ਪੰਜਾਬੀਆਂ ਦਾ ਪ੍ਰਮੁੱਖ ਕਿੱਤਾ ਹੈ। ਗਲੋਬਲੀ ਪ੍ਰਸੰਗ ਨੇ ਪੰਜਾਬ ਦੀ ਖੇਤੀ/ਕਿਸਾਨਾਂ ਨੂੰ ਬੇਹੱਦ ਪ੍ਰਭਾਵਿਤ ਕੀਤਾ ਹੈ। ਜਿਸ ਦੇ ਸਿੱਟੇ ਵਜੋਂ ਪੰਜਾਬ ਦੀ ਜਰਖੇਜ਼ ਭੂਮੀ ਤੇ ਅਨੇਕਾਂ ਵਿਨਾਸ਼ਕਾਰੀ ਪ੍ਰਭਾਵ ਪਏ ਹਨ। ਪਾਣੀਆਂ ਦਾ ਡੂੰਘੇ ਚਲੇ ਜਾਣਾ, ਮਿੱਟੀ ਦਾ ਪ੍ਰਦੂਸ਼ਿਤ ਹੋਣਾ, ਜ਼ਮੀਨ ਦਾ ਅਣਉਪਜਾਊ ਹੋਣਾ, ਰੇਹਾਂ ਸਪਰੇਹਾਂ ਦੇ ਮਾਰੂ ਪ੍ਰਭਾਵ, ਰਸਾਇਣਿਕ ਖਾਦਾਂ, ਕੀਟਨਾਸ਼ਕਾਂ, ਨਦੀਨਨਾਸਕਾਂ ਦੀ ਬੇਲੋੜੀ ਵਰਤੋਂ ਦੇ ਮਾਰੂ ਪ੍ਰਭਾਵਾਂ ਆਦਿ ਨੇ ਪੰਜਾਬੀ ਕਿਸਾਨਾਂ ਦੀ ਆਰਥਿਕ ਸਥਿਤੀ ਨੂੰ ਬੁਰੀ ਤਰ੍ਹਾਂ ਨੁਕਸਾਨ ਪਹੁੰਚਾਇਆ ਹੈ। ਪੰਜਾਬ ਦੇ ਕਿਸਾਨਾਂ ਦੀਆਂ ਫਸਲਾਂ ਮੰਡੀਆ ਵਿੱਚ ਰੁਲਣਾ, ਜ਼ਮੀਨਾਂ ਦਾ ਵਿਕਣਾ, ਮਹਿੰਗੀਆਂ ਖੇਤੀਬਾੜੀ ਸਹੂਲਤਾਂ, ਕਰਜ਼ੇ ਆਦਿ ਨੇ ਪੰਜਾਬ ਦੇ ਕਿਸਾਨਾਂ ਨੂੰ ਲੜਾਈ-ਝਗੜੇ, ਖੁਦਕੁਸ਼ੀਆਂ ਕਰਨ ਦੇ ਰਾਹੇ

ਪਾਇਆ ਹੈ। ਇਸੇ ਤਰ੍ਹਾਂ ਖੇਤੀ-ਲਾਗਤਾਂ ਅਤੇ ਖੇਤੀ ਪੈਦਾਵਾਰ ਦੇ ਵੱਡੇ ਫ਼ਰਕ ਨੇ ਵੀ ਪੰਜਾਬ ਦੀ ਕਿਰਸਾਨੀ ਨੂੰ ਬੁਰੀ ਤਰ੍ਹਾਂ ਤਰੇੜਿਆ ਹੈ। ਖੇਤੀ ਖ਼ਰਚੇ ਫੀ ਕੁਇੰਟਲ ਵੱਧਣ ਲੱਗੇ ਹਨ ਅਤੇ ਫ਼ਸਲ ਦੇ ਖਰੀਦ ਮੁੱਲ ਵਿਚ ਮਾਮੂਲੀ ਵਾਧੇ ਕਾਰਨ ਮਾਰਜਨ ਘਾਟਾ ਵਧਣ ਲੱਗਾ ਹੈ। ਵਿਡੰਬਨਾ ਇਹ ਹੈ ਕਿ ਕਿਸਾਨਾਂ ਦੁਆਰਾ ਪੈਦਾ ਕੀਤੀ ਫ਼ਸਲ ਉਪਰ ਮੁੱਲ ਵੀ ਤੀਸਰੀ ਧਿਰ ਨਿਰਧਾਰਿਤ ਕਰਦੀ ਹੈ ਜਦੋਂ ਕਿ ਬਾਕੀ ਧਿਰਾਂ ਆਪਣੀ ਵਸਤੂ ਦਾ ਮੁੱਲ ਖੁਦ ਨਿਰਧਾਰਿਤ ਕਰਦੀਆਂ ਹਨ। ਖੇਤੀ-ਖ਼ਰਚਿਆਂ ਅਤੇ ਫ਼ਸਲਾਂ ਦੇ ਖਰੀਦ ਮੁੱਲ ਨੂੰ ਜਦੋਂ ਸ਼ੇਅਰ ਸੂਚਕ ਅੰਕਾਂ ਦੀ ਮਹਿੰਗਾਈ ਦਰ ਨਾਲ ਅੰਕਿਆ ਜਾਂਦਾ ਹੈ ਤਾਂ ਕਿਰਸਾਨਾਂ ਦੇ ਬੋਝੇ ਵਿਚ ਉਨ੍ਹਾਂ ਦੀ ਮਿਹਨਤ ਵੀ ਨਹੀਂ ਪੈਂਦੀ। ਪੰਜਾਬ ਵਿੱਚ ਕਿਸਾਨਾਂ ਦੀ ਹੋ ਰਹੀ ਵਰਤਮਾਨ ਤ੍ਰਾਸਦਿਕ ਸਥਿਤੀ ਦੇ ਵਿਭਿੰਨ ਪਾਸਾਰਾਂ ਨੂੰ ਲੋਕ ਕਾਵਿ ਰੂਪਾਂ ਵਿਚ ਕਾਵਿਕ ਹੁਲਾਰਾ ਮਿਲਿਆ ਹੈ।

ਜੱਟਾ ਤੇਰੀ ਜੂਨ ਬੁਰੀ,
ਹਲ ਛੱਡ ਕੇ ਚਰ੍ਹੀ ਨੂੰ ਜਾਣਾ।
............................
ਲੌਂਗ ਵੇਚ ਕੇ ਮਾਮਲਾ ਤਾਰਿਆ,
ਜੱਟਾ ਤੇਰੀ ਕਾਹਦੀ ਜ਼ਿੰਦਗੀ।
............................
ਜਲ ਜਾਣ ਘਰਾਂ ਦੀ ਗਰਜਾਂ
ਲੌਂਗ ਨਾ ਕਰਾਇਆ ਨੱਕ ਨੂੰ।
............................
ਦੁਹਾਈ ਰੱਬਾ, ਦੁਹਾਈ ਰੱਬਾ,
ਮੁੜ ਜੱਟ ਦੀ ਜੂਨ ਨਾ ਪਾਈਂ ਰੱਬਾ।
............................
ਜੱਟ ਮਰ ਗਏ ਕਮਾਈਆਂ ਕਰਦੇ,
ਬਿਲੋ ਨੀ ਤੇਰੇ ਬੰਦ ਨਾ ਬਣੇ।
............................
ਚਿੱਟੇ ਚਾਦਰੇ ਜ਼ਮੀਨਾਂ ਗਹਿਣੇ,
ਪੁੱਤ ਸਰਦਾਰਾਂ ਦੇ।

ਇਉਂ ਤੁਲਨਾਤਮਕ ਪਰਿਪੇਖ ਵਿਚ ਪੰਜਾਬ ਦੇ ਪੰਰਪਰਕ ਲੋਕਧਾਰਾਈ ਕਾਵਿ ਰੂਪ ਜਿੱਥੇ ਕਿਸਾਨ ਦੇ ਜੀਵਨ ਯਥਾਰਥ ਨੂੰ ਵਿਭਿੰਨ ਪੱਧਰਾਂ ਤੇ ਪੇਸ਼ ਕਰਦੇ ਹਨ ਉੱਥੇ ਕਿਸਾਨ ਪਰਿਵਾਰ ਨਾਲ ਸੰਬੰਧਿਤ ਔਰਤਾਂ ਦੇ ਨਾ ਪੂਰੇ ਹੋਣ ਵਾਲੇ ਸਾਧਾਰਨ ਕਿਸਮ ਦੇ ਚਾਵਾਂ-ਮਲਾਰਾਂ ਅਤੇ ਭਾਵਾਂ ਨੂੰ ਵੀ ਰੂਪਮਾਨ ਕਰਦੇ ਹਨ। ਇੰਦਰਾ ਵਿਰਕ

ਅਨੁਸਾਰ, ''ਪੰਜਾਬੀ ਲੋਕ-ਕਾਵਿ ਵਿਚ ਆਰਥਿਕਤਾ ਨੇ ਵਿਭਿੰਨ ਪਾਸਾਰ ਗ੍ਰਹਿਣ ਕੀਤੇ ਹਨ। ਇਨ੍ਹਾਂ ਆਰਥਿਕ ਪਾਸਾਰਾਂ ਵਿਚ ਪੰਜਾਬੀ ਗ੍ਰਾਮੀਣ ਸਭਿਆਚਾਰ, ਉਤਪਾਦਨ ਦੇ ਵਸੀਲੇ, ਮਹਾਜਨੀ ਸਭਿਆਚਾਰ ਦੀ ਲੁੱਟ, ਤਾਕਤਵਰ ਧਿਰਾਂ ਵੱਲੋਂ ਸ਼ੋਸ਼ਣ ਅਤੇ ਕੁਦਰਤ ਦੀ ਕਰੋਪੀ ਇਸ ਦੇ ਜੁਜ਼ ਹਨ।''[2] ਇਸ ਪ੍ਰਸੰਗ ਵਿਚ ਸਥਿਤੀ ਉਦੋਂ ਹੋਰ ਵੀ ਤਰਸਯੋਗ ਹੋ ਜਾਂਦੀ ਹੈ ਜਦੋਂ ਕਬੀਲਦਾਰੀ ਦੀਆਂ ਗਰਜਾਂ, ਖ਼ਰਚੇ ਕਿਸਾਨਾਂ ਦੇ ਬੱਚਿਆਂ ਦੀਆਂ ਖ਼ਾਹਿਸ਼ਾਂ ਨੂੰ ਵੀ ਪੂਰਾ ਨਹੀਂ ਹੋਣ ਦਿੰਦੇ। ਅਜਿਹੀਆਂ ਵਿਡੰਬਣਾਕਾਰੀ ਸਥਿਤੀਆਂ ਨੂੰ ਔਰਤ ਹਿਰਦਾ ਲੋਕ ਕਾਵਿ ਰੂਪਾਂ ਨੂੰ ਆਧਾਰ ਬਣਾ ਕੇ ਇਉਂ ਜ਼ੁਬਾਨ ਦਿੰਦਾ ਹੈ:

ਮੁੰਡਾ ਮੇਰਾ ਰੋਵੇ ਅੰਬ ਨੂੰ
ਕੀ ਤੇਰੀ ਸਰਦਾਰੀ।

ਇਸ ਤਰ੍ਹਾਂ ਕਿਸਾਨ ਪਤੀ-ਪਤਨੀ ਨੂੰ ਆਪਣੀ ਕਮਜ਼ੋਰ ਆਰਥਿਕਤਾ ਅੱਗੇ ਗੋਡੇ ਟੇਕ ਕੇ ਆਪਣੇ ਬੱਚਿਆਂ ਦੇ ਖਾਣ-ਪੀਣ, ਪਹਿਨਣ ਪਚਰਨ ਦੇ ਚਾਅ ਵੀ ਵਾਰਨੇ ਪੈਂਦੇ ਹਨ। ਇਸ ਲਈ ਵਿਆਹ ਤੋਂ ਪਹਿਲਾ ਪੰਜਾਬੀ, ਮੁਟਿਆਰ ਦੀ ਸੰਵੇਦਨਸ਼ੀਲ ਦ੍ਰਿਸ਼ਟੀ ਆਪਣੇ ਬਾਬਲ ਨੂੰ ਯੋਗ ਤੇ ਉੱਚੀ ਆਰਥਿਕਤਾ ਵਾਲਾ ਵਰ ਲੱਭਣ ਲਈ ਚੇਤਨ ਕਰਦੀ ਹੈ।

ਦਈਂ ਵੇ ਬਾਬਲਾ ਉਸ ਘਰੇ
ਜਿੱਥੇ ਮੱਝੀਆਂ ਬੂਰੀਆ ਸੱਠ।
ਕਦੇ ਚੋਵਾਂ ਤੇ ਕਦੇ ਰਿੜਕਾਂ,
ਮੇਰਾ ਚਾਟੀਆਂ ਦੇ ਵਿਚ ਹੱਥ।
ਬਾਬਲ ਤੇਰਾ ਪੁੰਨ ਹੋਵੇ।

ਇਉਂ ਪੰਜਾਬ ਦੇ ਲੋਕਧਾਰਾਈ ਕਾਵਿ ਰੂਪਾਂ ਦੇ ਵਸਤੂਗਤ ਵੇਰਵੇ ਦੁੱਧ-ਪੁੱਤ ਦੀ ਲੋੜ ਨੂੰ ਪ੍ਰਸਤੁਤ ਕਰਦੇ ਹਨ। ਇਸ ਤਰ੍ਹਾਂ ਕਿਸਾਨੀ ਪਰਿਵਾਰ ਦੇ ਘਰ ਵਿਚ ਗਾਂ ਜਾਂ ਮੱਝ ਦਾ ਲਵੇਰਾ ਹੋਣਾ, ਘਰ ਵਿਚ ਰਿਜ਼ਕ ਦੇ ਵਾਧੇ ਦਾ ਸੰਕੇਤਕ ਹੈ। ਕਿਉਂਕਿ ਰਿਜ਼ਕ ਦਾ ਵਾਧਾ ਆਰਥਿਕ ਤੰਗੀਆਂ ਤੁਰਸ਼ੀਆਂ ਤੋਂ ਮੁਕਤੀ ਵੱਲ ਸੰਕੇਤ ਕਰਵਾਉਂਦਾ ਹੈ। ਇਸ ਲਈ ਲੋਕ ਕਾਵਿ ਰੂਪ ਨੂੰ ਆਧਾਰ ਬਣਾ ਕੇ ਔਰਤ ਦਾ ਸੰਵੇਦਨਸ਼ੀਲ ਹਿਰਦਾ ਆਪਣੇ ਬਾਬਲ ਨੂੰ ਅਜਿਹਾ 'ਵਰ-ਘਰ' ਟੋਲਣ ਲਈ ਕਹਿੰਦਾ ਹੈ ਜੋ ਆਰਥਿਕ ਪੱਖੋਂ ਖੁਸ਼ਹਾਲ ਹੋਵੇ। ਕਿਉਂਕਿ ਕਿਸਾਨ ਪਰਿਵਾਰਾਂ ਨੂੰ ਮਹੀਨਾਵਾਰ ਜਾਂ ਹਫ਼ਤਾਵਰ ਕਮਾਈ ਕਿਸੇ ਪਾਸਿਓਂ ਨਹੀਂ ਆਉਂਦੀ। ਉਨ੍ਹਾਂ ਦੇ ਘਰ ਦੀ ਕਬੀਲਦਾਰੀ ਫ਼ਸਲਾਂ ਦੀ ਵੇਚ ਵੱਟਤ ਦੇ ਸਿਰੋਂ ਹੀ ਤੁਰਦੀ ਹੈ। ਇਸ ਲਈ ਫ਼ਸਲ ਦੀ ਆਮਦ ਨੇ ਪੰਜਾਬੀ ਲੋਕ-ਕਾਵਿ ਵਿਚ ਕਿਸਾਨ ਦੀ ਆਰਥਿਕਤਾ ਨੂੰ ਵਿਭਿੰਨ ਪੱਧਰਾਂ ਤੇ ਪੇਸ਼ ਕੀਤਾ ਹੈ। ਇਉਂ ਖੇਤੀ ਪ੍ਰਧਾਨ ਕਿਸਾਨ ਸਮਾਜ ਵਿਚ ਔਰਤ ਨੂੰ 'ਖੇਤੀ ਖਸਮਾਂ ਸੇਤੀ' ਦੇ ਮੁਹਾਵਰੇ ਅਨੁਸਾਰ ਆਪਣੇ ਜੀਵਨ ਦਾ ਨਿਰਬਾਹ ਕਰਨਾ ਪੈਂਦਾ ਹੈ।

ਪੁਰਾਣੇ ਪੰਜਾਬ ਵਿਚ ਕਿਸਾਨਾਂ ਨੂੰ ਆਪਣੀ ਮੁਢਲੀਆਂ ਲੋੜਾਂ ਦੀ ਪੂਰਤੀ ਲਈ ਬਾਣੀਆ ਸਮਾਜ ਤੇ ਨਿਰਭਰ ਰਹਿਣਾ ਪੈਂਦਾ ਸੀ ਪਰ ਸਥਿਤੀ ਦੀ ਵਿਡੰਬਣਾ ਇਹ ਹੈ ਕਿ ਬਾਣੀਆਂ ਤੋਂ ਲਿਆ ਕਰਜ਼ਾ ਸਾਰੀ ਉਮਰ

ਹੀ ਉਸਦਾ ਖਹਿੜਾ ਨਹੀਂ ਛੱਡਦਾ ਸੀ। ਇਸ ਤਰ੍ਹਾਂ ਮੂਲ ਉੱਤੇ ਵਿਆਜ ਅਤੇ ਵਿਆਜ ਉੱਤੇ ਵਿਆਜ ਦਾ ਹਿਸਾਬ ਕਿਤਾਬ ਕਿਸਾਨ ਨੂੰ ਬਾਣੀਏ ਦਾ ਕਰਜ਼ਈ ਬਣਾਈ ਰੱਖਦਾ ਸੀ। ਬਾਣੀਏ ਦੀ ਸ਼ਾਤਰ ਬੁੱਧੀ ਦੇ ਜਾਲ ਵਿਚ ਫਸੇ ਸਿੱਧੜ ਜੱਟ ਦੀ ਮਾਨਸਿਕ ਅਤੇ ਆਰਥਿਕ ਸਥਿਤੀ ਨੂੰ ਲੋਕ ਕਾਵਿ ਰੂਪਾਂ ਨੇ ਵਿਭਿੰਨ ਪੱਧਰਾਂ ਤੇ ਇਉਂ ਪੇਸ਼ ਕੀਤਾ ਹੈ :

ਬਾਣੀਆਂ ਨੇ ਅੱਤ ਚੁੱਕ ਲਈ
ਸਾਰੇ ਜੱਟ ਕਰਜ਼ਾਈ ਕੀਤੇ।
....................
ਬੋਹਲ ਸਾਰਾ ਵੇਚ ਘੱੜਿਆ
ਛਿਲਾਂ ਪੰਦਰਾਂ ਨਾ ਜੱਟ ਨੂੰ ਥਿਆਈਆਂ।
....................
ਸਾਉਣ ਮਹੀਨੇ ਲੁੱਟਣ ਬਾਣੀਏ
ਨਵੀਆਂ ਹੱਟੀਆਂ ਪਾ ਕੇ
ਪਹਿਲਾਂ ਤਾਂ ਗੁੜ ਧੜੀਏ ਵਿਕਦਾ
ਹੁਣ ਕਿਉਂ ਦੇਣ ਘਟਾ ਕੇ
ਕੁੜੀਆਂ ਮੁੰਡੇ ਜ਼ਿੱਦ ਪਏ ਕਰਦੇ
ਪੂੜੇ ਦਿਉ ਪਕਾ ਕੇ
ਬਾਣੀਉ ਤਰਸ ਕਰੋ
ਗੁੜ ਵੇਚੋ ਭਾਅ ਘਟਾ ਕੇ।

ਇਉਂ ਪੰਜਾਬ ਦੇ ਲੋਕਧਾਰਾਈ ਕਾਵਿ ਰੂਪਾਂ ਵਿਚ ਬਾਣੀਆਂ ਵੱਲੋਂ ਕਿਸਾਨ ਪਰਿਵਾਰਾ ਦੀ ਕੀਤੀ ਜਾਂਦੀ ਲੁੱਟ ਨੂੰ ਬਹੁ–ਅਰਥਾਂ ਵਿਚ ਪੇਸ਼ ਕੀਤਾ ਗਿਆ ਹੈ। ਇਸ ਤਰ੍ਹਾਂ ਇਹ ਕਾਵਿ ਰੂਪ ਸਪੱਸ਼ਟ ਕਰਕੇ ਹਨ ਕਿ ਬਾਣੀਆਂ ਸਮਾਜ ਦੀਆਂ ਸ਼ਾਤਰ ਚਾਲਾਂ ਕਿਸਾਨ ਪਰਿਵਾਰਾਂ ਨੂੰ ਕਰਜ਼ੇ ਦੀ ਲਪੇਟ ਵਿਚ ਲੈ ਕੇ ਉਨ੍ਹਾਂ ਨੂੰ ਸਾਰੀ ਜ਼ਿੰਦਗੀ ਕਰਜ਼ੇ ਦੀ ਲਪੇਟ ਵਿਚ ਜਕੜੀ ਰੱਖਦੀਆਂ ਹਨ। ਇਸ ਪ੍ਰਸੰਗ ਵਿਚ ਇਹ ਕਾਵਿ ਰੂਪ ਬਾਣੀਆਂ ਵੱਲੋਂ ਕਿਸਾਨਾਂ ਦੀ ਲੁੱਟ ਦੇ ਵਿਧੀ ਵਿਧਾਨ ਨੂੰ ਵੀ ਪ੍ਰਸਤੁਤ ਕਰਦੇ ਹਨ ਕਿ ਕਿਵੇਂ ਬਾਣੀਆਂ ਸਮਾਜ ਆਪਣੀ ਹੱਟੀਆਂ ਨੂੰ ਆਧਾਰ ਬਣਾ ਕੇ ਘਰੇਲੂ ਵਰਤੋਂ ਦੀਆਂ ਵਸਤਾਂ ਨੂੰ ਵਧੇਰੇ ਭਾਅ ਵਿਚ ਵੇਚਕੇ ਕਿਸਾਨਾਂ ਨੂੰ ਲੁੱਟ ਦਾ ਸ਼ਿਕਾਰ ਬਣਾਉਂਦੇ ਹਨ। ਇਸ ਤਰ੍ਹਾਂ ਪੰਜਾਬ ਦੇ ਲੋਕਧਾਰਾਈ ਕਾਵਿ ਰੂਪਾਂ ਦੇ ਬਿਰਤਾਂਤਕ ਵੇਰਵੇ ਕਿਸਾਨ ਪਰਿਵਾਰਾਂ ਦੇ ਮਸਲਿਆਂ ਨਾਲ ਜੁੜੇ ਹੋਏ ਹਨ। ਇਹ ਕਾਵਿ ਰੂਪ ਸਪੱਸ਼ਟ ਕਰਦੇ ਹਨ ਕਿ ਕਿਵੇਂ ਕਿਸਾਨ ਪਰਿਵਾਰਾਂ ਦੀ ਕਮਜ਼ੋਰ ਆਰਥਿਕਤਾ ਸਾਂਝੇ ਪਰਿਵਾਰਾਂ ਨੂੰ ਤੋੜਣ ਦਾ ਕਾਰਨ ਬਣਦੀ ਹੈ।

ਬਹੁਤਿਆਂ ਭਰਾਵਾਂ ਵਾਲਿਆਂ।

ਮੈਨੂੰ ਕੱਲ੍ਹੀ ਨੂੰ ਚੁਬਾਰਾ ਪਾ ਦੇ
ਰੋਹੀ ਵਾਲਾ ਜੰਡ ਵੱਢ ਕੇ।

ਇਉਂ ਪੰਜਾਬ ਦੇ ਲੋਕਧਾਰਾਈ ਕਾਵਿ ਰੂਪਾਂ ਦੇ ਬਿਰਤਾਂਤਕ ਵੇਰਵਿਆਂ ਸਪੱਸ਼ਟ ਕਰਦੇ ਹਨ ਕਿ ਸਾਂਝੇ ਟੱਬਰ ਵਿਚ ਰਹਿੰਦੀ ਕਿਸਾਨ ਪਰਿਵਾਰ ਨਾਲ ਸੰਬੰਧਿਤ ਔਰਤ ਆਰਥਿਕ ਸੰਤਾਪ ਹੰਢਾਉਂਦੀ ਹੋਈ ਮਾਨਸਿਕ ਸੰਤਾਪ ਦੀ ਭਾਗੀਦਾਰ ਬਣਦੀ ਹੈ। ਇਸ ਲਈ ਉਹ ਚੰਗੇ ਘਰ ਵਿਚ ਇੱਕਲੀ ਰਹਿਣਾ ਲੋਚਦੀ ਹੈ ਪਰ ਘਰੇਲੂ ਆਰਥਿਕਤਾ ਨਾਲ ਦੋ ਚਾਰ ਹੁੰਦੀ ਉਹ ਆਪਣੇ ਪਤੀ ਨੂੰ ਰੋਹੀ ਵਾਲਾ ਜੰਡ ਵੱਢਕੇ ਵੇਚਣ ਦਾ ਮਸ਼ਵਰਾ ਦਿੰਦੀ ਹੈ। ਸੋ ਇਸ ਤਰ੍ਹਾਂ ਕਿਸਾਨ ਪਰਿਵਾਰ ਨਾਲ ਸੰਬੰਧਿਤ ਔਰਤ ਜਿੱਥੇ ਇਕੱਲੀ ਰਹਿਣ ਦੀ ਲੋਚਦੀ ਹੈ, ਉੱਥੇ ਚੰਗਾ ਪਹਿਨਣਾ ਵੀ ਲੋਚਦੀ ਹੈ। ਇਸ ਲਈ ਉਹ ਲੋਕ ਕਾਵਿ ਰੂਪਾਂ ਨੂੰ ਆਧਾਰ ਬਣਾ ਕੇ ਆਪਣੇ ਮਨ ਦੀਆਂ ਇਛਾਵਾਂ ਜ਼ਾਹਰ ਕਰਦੀ ਹੈ :

ਜੱਟਾ ਵੇ ਜੱਟਾ।
ਲੈ ਦੇ ਰੇਸ਼ਮੀ ਦੁਪੱਟਾ,
ਨਾਲੇ ਲੈ ਦੇ ਸੂਟ ਨਸਵਾਰੀ ਵੇ,
ਲੱਕ ਪਤਲਾ, ਚਰੀ ਦੀ ਪੰਡ ਭਾਰੀ ਵੇ।

ਇਉਂ ਕਿਸਾਨ ਪਰਿਵਾਰ ਨਾਲ ਸੰਬੰਧਿਤ ਔਰਤ ਆਪਣੇ ਪਤੀ ਨੂੰ 'ਰੇਸ਼ਮੀ ਦੁਪੱਟਾ' ਤੇ ਨਸਵਾਰੀ ਸੂਟ ਲੈ ਕੇ ਦੇਣ ਨੂੰ ਕਹਿੰਦੀ ਹੈ। ਉਸ ਨੇ ਵੀ ਆਪਣੀ ਘਰੇਲੂ ਆਰਥਿਕ ਹਾਲਤ ਸੁਧਾਰਨ ਲਈ ਵਿੱਤੋ ਵੱਧ ਮਿਹਨਤ ਕੀਤੀ ਹੈ। ਇਸੇ ਲਈ ਤਾਂ ਉਹ 'ਲੱਕ ਪਤਲਾ ਚਰੀ ਦੀ ਪੰਡ ਭਾਰੀ' ਦਾ ਸੰਕੇਤ ਵੀ ਨਾਲ ਦੀ ਨਾਲ ਕਰ ਦਿੰਦੀ ਹੈ।

ਉਹ ਘਰ ਟੋਲੀ ਬਾਬਲਾ
ਜਿਹਦੇ ਲਿਪਣੇ ਨਾ ਪੈਣ ਬਨੇਰੇ।

ਸੋ ਉਸ ਦੀ ਇਹ ਦਿਲੀ ਖ਼ਾਹਿਸ਼ ਹੈ ਕਿ ਉਸ ਨੂੰ 'ਸਹੁਰਾ ਘਰ' ਉੱਚੀ ਆਰਥਿਕਤਾ ਵਾਲਾ ਅਤੇ ਸੋਹਣਾ ਮਿਲੇ ਪਰ ਖ਼ੂਬਸੂਰਤੀ ਬਣਾਈ ਰੱਖਣ ਲਈ ਉਸ ਨੂੰ ਆਪਣੀ ਖ਼ੂਬਸੂਰਤੀ ਦੀ ਬਲੀ ਨਾ ਦੇਣੀ ਪਵੇ।

ਮੇਰੀ ਚੰਦਰੀ ਦੀ ਜਾਤ ਤਖਾਣੀ
ਚੂੜਾ ਪਾ ਤੇ ਸ਼ੱਕ ਹੂੰਝਦੀ।

ਪੰਜਾਬੀ ਸਭਿਆਚਾਰ ਵਿਚ ਨਵ ਵਿਆਹੀਆਂ ਕੁੜੀਆਂ ਕੋਲੋਂ ਬਹੁਤੇ ਕੰਮ ਨਹੀ ਕਰਵਾਏ ਜਾਂਦੇ ਪਰ ਉਕਤ ਬੋਲੀ ਵਿਚ ਸਹੁਰਾ ਪਰਿਵਾਰ ਦੀ ਆਰਥਿਕ ਦਸ਼ਾ ਉਸਨੂੰ ਕੰਮ ਕਰਨ ਲਈ ਮਜ਼ਬੂਰ ਕਰਦੀ ਹੈ। ਇਸ ਪ੍ਰਸੰਗ ਵਿਚਲੇ ਭਾਵਾਂ ਦੇ ਸੰਤਾਪ ਨੂੰ ਇਕ ਹੋਰ ਬੋਲੀ ਇਉਂ ਪ੍ਰਸਤੁਤ ਕਰਦੀ ਹੈ :

ਚਿੱਟੀਆਂ ਕਪਾਹੀ ਫੁੱਲ ਖਿੜਦੇ ਰਾਤ ਨੂੰ
ਸਾਡੇ ਮਾਪੇ ਕਹਿੰਦੇ ਧੀਆਂ ਤੋਰਾਂਗੇ ਵਿਸਾਖ ਨੂੰ।

ਇਸ ਬੋਲੀ ਵਿਚ ਮੁਟਿਆਰ ਆਪਣੇ ਮਾਹੀ ਦੇ ਨਾਲ ਰਹਿਣਾ ਲੋਚਦੀ ਹੈ ਪਰ ਕਣਕ ਆਉਣ ਦੀ ਉਡੀਕ ਵਿਚ ਮਾਪੇ ਉਸ ਨੂੰ ਤੋਰਨਾ ਨਹੀਂ ਚਾਹੁੰਦੇ। ਇਹ ਬੋਲੀ ਕਿਸਾਨ ਦੀ ਆਮਦਨ, ਆਰਥਿਕ ਦਸ਼ਾ ਤੇ ਖੇਤੀ ਆਧਾਰਿਤ ਜੀਵਨ ਦਾ ਵੇਰਵਾ ਅੰਕਿਤ ਰੂਪਮਾਨ ਹੈ। 'ਚਿੱਟੀਆਂ ਕਪਾਹਾਂ' ਤੇ 'ਰਾਤ ਨੂੰ ਫੁੱਲਾਂ ਦਾ ਖਿੜਨਾ' ਤੇ ਇਸ ਨਾਲ ਕੁੜੀਆਂ ਦੇ ਸਹੁਰੇ ਜਾਣਾ, ਜੁੜਿਆ ਹੋਣਾ ਇਹ ਸਿੱਧ ਕਰਦਾ ਹੈ ਕਿ ਆਰਥਿਕਤਾ ਦਾ ਆਕੁੰਸ਼ ਮਨੁੱਖ ਦੀਆਂ ਮਾਨਸਿਕ ਤੇ ਸਰੀਰਕ ਅਕਾਂਖਿਆਵਾਂ ਦਾ ਦਮਨ ਤੇ ਸ਼ੋਸ਼ਣ ਕਿਵੇਂ ਕਰਦਾ ਹੈ? ਪੇਕੇ ਘਰ ਪੰਜਾਬਣ ਮੁਟਿਆਰ ਬੇਸ਼ੱਕ ਆਰਥਿਕ ਮੰਦਹਾਲੀ ਦਾ ਸ਼ਿਕਾਰ ਹੋਈ ਹੋਵੇ ਪਰ ਪੇਕੇ ਘਰ ਵਿਚ, ਮਾਪਿਆਂ ਵੱਲੋਂ ਦਿੱਤਾ ਲਾਡ ਪਿਆਰ, ਉਸ ਨੂੰ ਸਹੁਰੇ ਘਰ ਦੀ ਨਿਸਬਤ ਹਮੇਸਾਂ ਖਿੱਚ ਪਾਉਂਦਾ ਹੈ। ਉਹ ਪੇਕੇ ਘਰ ਦੀ ਸਿਫਤ ਕੀਤੇ ਬਗੈਰ ਨਹੀਂ ਰਹਿ ਸਕਦੀ। ਹੇਠਲੀ ਬੋਲੀ ਵਿਚ ਕੁਝ ਇਸੇ ਤਰ੍ਹਾਂ ਦੇ ਹਾਵ ਭਾਗ ਵਿਅਕਤ ਕੀਤੇ ਗਏ ਹਨ :

ਪੇਕਿਆਂ ਮੇਰਿਆਂ ਰੱਖੀ ਲਾਡਲੀ,
ਸੁਹਰੇ ਲਾ ਲਈ ਕੰਮ ਵੇ,
ਮੇਰਾ ਉਡਦਾ ਜਾਵੇ ਸੋਨੇ ਵਰਗਾ ਰੰਗ ਵੇ।

ਸੁਹਰੇ ਘਰ ਵਿਚ ਪਰਿਵਾਰਕ ਜਿੰਮੇਵਾਰੀਆਂ ਨਿਭਾਉਂਦਿਆਂ ਸਭ ਤੋਂ ਵੱਧ ਚਿੰਤਾ ਨਵ-ਵਿਆਹੀ ਕੁੜੀ ਨੂੰ ਆਪਣੇ ਸੁਹੱਪਣ ਦੇ ਗਵਾਚਣ ਦੀ ਹੁੰਦੀ ਹੈ। ਇਸ ਲਈ ਉਹ ਆਪਣੀ ਖ਼ੂਬਸੂਰਤੀ ਅਤੇ ਸੁਹੱਪਣ ਨੂੰ ਬਣਾਈ ਰੱਖਣ ਲਈ ਕੱਪੜੇ, ਗਹਿਣੇ ਪਾ ਕੇ ਸ਼ਿੰਗਾਰ ਕਰਨਾ ਚਾਹੁੰਦੀ ਹੈ। ਇਸ ਪ੍ਰਸੰਗ ਵਿਚ ਅੰਗਰੇਜ਼ੀ ਰਾਜ ਦੀ ਆਮਦ ਸਮੇਂ ਫ਼ੈਸ਼ਨ ਕਰਨ ਦੀਆਂ ਨਵੀਆਂ ਵਸਤਾਂ ਪੰਜਾਬ ਵਿਚ ਆਈਆਂ ਤਾਂ ਪੰਜਾਬਣ ਦਾ ਮਨ ਵੀ ਉਨ੍ਹਾਂ ਵਸਤਾਂ ਨੂੰ ਪ੍ਰਾਪਤ ਕਰਨ ਲਈ ਤਰਸ ਲੱਗਾ। ਇਸ ਲਈ ਉਹ ਵੀ ਆਪਣੇ ਪਤੀ ਨੂੰ ਅਜਿਹੀਆਂ ਵਸਤਾਂ ਖਰੀਦਣ ਬਾਰੇ ਤਰਲਾ ਪਾਉਣ ਲੱਗੀ ਜਿਨ੍ਹਾਂ ਵਸਤਾਂ ਨੂੰ ਧਾਰਨ ਕਰਕੇ ਉਸਦਾ ਸੁਹੱਪਣ ਹੋਰ ਸੁੰਦਰ ਬਣੇ :

ਤੇਰੀ ਸੜ ਜੇ ਲੰਬੜਦਾਰੀ
ਕੁੜਤੀ ਨਾ ਲਿਆਇਉਂ ਸੂਫ ਦੀ।
...........................
ਮਲ ਮਲ ਲਿਆ ਦੇ ਮਿੱਤਰਾ
ਮੇਰੇ ਖੱਦਰ ਹੱਡਾਂ ਨੂੰ ਖਾਵੇ।
...........................
ਗੋਰਾ ਰੰਗ ਡੱਬੀਆਂ ਵਿਚ ਵਿਕਦਾ
ਕਾਲਿਆਂ ਨੂੰ ਖ਼ਬਰ ਕਰੋ।

ਇਉਂ ਇਨ੍ਹਾਂ ਬੋਲੀਆਂ ਦੇ ਬਿਰਤਾਂਤਕ ਵੇਰਵਿਆਂ ਵਿਚ ਕਿਸਾਨ ਪਰਿਵਾਰ ਨਾਲ ਸੰਬੰਧਿਤ ਔਰਤ ਆਪਣੇ ਪਤੀ ਨੂੰ ਉਸ ਦੀ ਲੰਬੜਦਾਰੀ ਤੇ ਇਸ ਪ੍ਰਸੰਗ ਵਿਚ ਵਿਅੰਗ ਕਰਦੀ ਹੈ ਕਿ ਉਸ ਦਾ ਪਤੀ ਉਸ ਲਈ ਸੂਫ਼ ਦੀ ਕੁੜਤੀ ਵੀ ਨਹੀਂ ਸਵਾ ਕੇ ਦੇ ਸਕਦਾ। ਜਦੋਂਕਿ ਖੱਦਰ ਹੰਢਾਉਂਦਿਆਂ ਉਸ ਔਰਤ ਦਾ ਮਖਮਲੀ ਸਰੀਰ ਘਸ

ਗਿਆ। ਇਸ ਲਈ ਉਹ ਮਲਮਲ ਪਹਿਨਣਾ ਚਾਹੁੰਦੀ ਹੈ। ਇਸੇ ਪ੍ਰਸੰਗ ਵਿਚ ਉਹ ਆਪਣੇ ਪਤੀ ਦੇ ਕਾਲੇ ਰੰਗ 'ਤੇ ਟਕੋਰਾਂ ਕਰਦੀ ਹੈ ਅਤੇ ਆਪਣੇ ਪਤੀ ਨੂੰ ਲੋਕ ਕਾਵਿ ਰੂਪਾਂ ਦੇ ਹਵਾਲੇ ਨਾਲ ਅੰਗਰੇਜ਼ੀ ਰਾਜ ਵਿਚ ਸਰੀਰ ਨੂੰ ਗੋਰਾ ਕਰਨ ਵਾਲੀਆਂ ਕਰੀਮਾਂ ਅਤੇ ਪਾਊਡਰਾਂ ਬਾਰੇ ਜਾਣਕਾਰੀ ਦਿੰਦੀ ਹੈ। ਪਤੀ ਵੀ ਪਤਨੀ ਦੀਆਂ ਉਪਰੋਕਤ ਮੰਗਾਂ ਦੀ ਪੂਰਤੀ ਦਾ ਧਰਵਾਸ ਦਿਵਾਉਂਦਾ ਹੋਇਆ ਕਹਿੰਦਾ ਹੈ:

ਤੈਨੂੰ ਲੈ ਦੂੰ ਸਲੀਪਰ ਕਾਲੇ
ਭਾਵੇਂ ਮੇਰੀ ਮੱਝ ਵਿਕ ਜੇ।

ਇਸ ਬੋਲੀ ਵਿਚ ਪਤੀ ਵੱਲੋਂ ਧਰਵਾਸ ਤਾਂ ਦਿੱਤਾ ਹੀ ਗਿਆ ਹੈ ਪਰ ਨਾਲ ਹੀ ਆਪਣੀ ਆਰਥਿਕ ਅਵਸਥਾ ਤੋਂ ਸੁਚੇਤ ਹੋਇਆ ਕਹਿੰਦਾ ਹੈ ਕਿ ਪਤਨੀ ਦੀਆਂ ਮੰਗਾਂ ਦੀ ਪੂਰਤੀ ਲਈ ਉਸ ਕੋਲ ਪੈਸੇ ਤਾਂ ਨਹੀਂ ਪਰ ਉਹ ਮੱਝ ਵੇਚ ਕੇ ਹੀ ਅਜਿਹਾ ਕਰੇਗਾ। ਇਸ ਤਰ੍ਹਾਂ ਕਰਜ਼ੇ ਦੀ ਮਾਰ ਕਿਸਾਨ ਪਰਿਵਾਰਾਂ ਦੀਆਂ ਨਿਗੂਣੀਆਂ ਜਾਂ ਬੁਨਿਆਦੀ ਲੋੜਾਂ ਵੀ ਪੂਰੀਆਂ ਨਹੀ ਹੋਣ ਦਿੰਦੀ। ਇਸ ਲਈ ਉਹ ਦੋਵੇਂ ਆਪਣੇ ਸਿਰ ਚੜ੍ਹੇ ਕਰਜ਼ੇ ਨੂੰ ਉਤਾਰਨ ਲਈ ਵਿੱਤੋਂ ਵੱਧ ਮੇਹਨਤ ਕੰਮ ਕਰਦੇ ਹਨ ਪਰ ਲੋਕ ਕਾਵਿ ਰੂਪਾਂ ਦੇ ਬਿਰਤਾਂਤਕ ਘੇਰੇ ਵਿਚ ਉਨ੍ਹਾਂ ਦੀ ਕਰਜ਼ੀ ਜ਼ਿੰਦਗੀ ਦੇ ਘਰੋਗੀ ਯਥਾਰਥ ਨੂੰ ਇਉਂ ਜ਼ੁਬਾਨ ਮਿਲੀ ਹੈ :

ਬਾਰੀ ਬਰਸੀਂ ਢੋਲਾ ਖੱਟ ਘਰ ਆਇਆ,
ਬਾਰਾਂ ਬਰਸਾਂ ਦੀ ਖੱਟੀ ਛੇ ਧੇਲੇ
ਪਹਿਲੇ ਤਾਂ ਧੇਲੇ ਦਾ ਮੈ ਆਟਾ ਮੰਗਾਵਾਂ
ਕੁਛ ਤੇਰੇ ਫੁਲਕੇ ਤੋਂ ਬਚਦਾ ਫੱਕਰਾਂ ਨੂੰ ਪਾਵਾਂ
ਦੂਜੇ ਤਾਂ ਧੇਲੇ ਦੇ ਮੈ ਛੋਲੇ ਮੰਗਾਵਾਂ
ਕੁਛ ਤੇਰੇ ਘੋੜੇ, ਰਹਿੰਦੇ ਭੱਠ ਮੈ ਭੁਨਾਵਾਂ,
ਤੀਜੇ ਤੇ ਧੇਲੇ ਦੇ ਮੈ ਤੇਲ ਮੰਗਾਵਾਂ
ਕੁਛ ਤੇਰੇ ਪਟਿਆਂ, ਬਾਕੀ ਦੀਵੇ ਮੈ ਪਾਵਾਂ,
ਚੌਥੇ ਤੇ ਧੇਲੇ ਦੇ ਮੈ ਪਾਨ ਮੰਗਾਵਾਂ
ਕੁਛ ਤੂੰ ਚੱਬੇ, ਬਾਕੀ ਸਈਆਂ ਨੂੰ ਵਰਤਾਵਾਂ
ਪੰਜਵੇ ਧੇਲੇ ਦਾ ਮੈਂ ਘਿਉ ਮੰਗਵਾਵਾਂ
ਕੁਛ ਤੇਰੇ ਫੁਲਕੇ, ਰਹਿੰਦਾ ਤੜਕੇ ਮੈਂ ਪਾਵਾਂ।
ਛੇਵੇਂ ਤੇ ਧੇਲੇ ਦਾ ਦਹੀ ਵੇ ਮੰਗਵਾਵਾਂ
ਕੁਛ ਤੇਰੀ ਥਾਲੀ ਰਹਿੰਦਾ ਲੱਸੀ ਬਣਾਵਾਂ,
ਆ ਜਾ ਨੀ ਬਹਿ ਜਾ, ਅਸੀਂ ਕਰ ਲਈਏ ਲੇਖਾ
ਇਕ ਤਾਂ ਧੇਲੇ ਦਾ ਮੈਨੂੰ ਪੈਂਦਾ ਭੁਲੇਖਾ

ਕੋਠੇ ਤੇ ਚੜ੍ਹ ਕੇ ਢੋਲਾ ਦੇਵੇ ਦੁਹਾਈ,

ਬਾਰਾਂ ਤੇ ਵਰਿਆਂ ਦੀ ਖੱਟੀ

ਰੰਨ ਨੇ ਗਵਾਈ।

ਇਸ ਤਰ੍ਹਾਂ ਪੰਜਾਬ ਦੇ ਲੋਕਧਾਰਾਈ ਕਾਵਿ ਰੂਪ ਕਿਸਾਨ ਪਰਿਵਾਰਾਂ ਨੂੰ 'ਚਾਦਰ ਦੇਖ ਕੇ ਪੈਰ ਪਸਾਰਨ' ਦੀ ਸਿੱਖਿਆ ਦੇ ਕੇ ਉਨ੍ਹਾਂ ਨੂੰ ਫ਼ਜ਼ੂਲ ਖ਼ਰਚੀ ਕਰਨ ਤੋਂ ਵੀ ਰੋਕਦੇ ਹਨ। ਇਉਂ ਇਨ੍ਹਾਂ ਲੋਕਧਾਰਾਈ ਕਾਵਿ ਰੂਪਾਂ ਦੇ ਬਿਰਤਾਂਤਕ ਘੇਰੇ ਵਿਚ ਪੰਜਾਬੀ ਦੀ ਕਿਸਾਨੀ ਦੇ ਸੰਕਟਮਈ ਸਰੋਕਾਰਾਂ ਨੂੰ ਬਣਦਾ ਸਥਾਨ ਮਿਲਿਆ ਹੈ।

## ਹਵਾਲੇ ਅਤੇ ਟਿੱਪਣੀਆਂ:

1. ਬਲਵੀਰ ਸਿੰਘ ਪੂਨੀ, ਲੋਕ ਸਾਹਿਤ ਸਿਧਾਂਤ ਅਤੇ ਪਰੰਪਰਾ, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 2004, ਪੰਨਾ-16
2. ਇੰਦਰਾ ਵਿਰਕ, ਪੰਜਾਬੀ ਲੋਕ-ਕਾਵਿ ਤੇ ਨਾਰੀ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2003, ਪੰਨਾ-118